"ਵਿਅਰਥ ਅਤੇ ਨੈਗੇਟਿਵ ਨੂੰ ਅਵੋਇਡ ਕਰ ਆਵਾਰਡ ਲੈਣ ਦੇ ਪਾਤਰ ਬਣੋ"

ਅੱਜ ਬਾਪਦਾਦਾ ਆਪਣੇ ਪਰਮਾਤਮ ਪਿਆਰ ਦੇ ਪਾਤਰ ਆਤਮਾਵਾਂ ਨੂੰ ਵੇਖ ਰਹੇ ਹਨ। ਪਰਮਾਤਮ ਪਿਆਰ ਆਨੰਦਮਯ ਝੂਲਾ ਹੈ ਜਿਸ ਸੁਖਦਾਈ ਝੂਲੇ ਵਿੱਚ ਸਦਾ ਝੂੱਲਦੇ ਰਹਿੰਦੇ ਹਨ। ਪਰਮਾਤਮ ਪਿਆਰ ਅਨੇਕ ਜਨਮਾਂ ਦੇ ਦੁੱਖਾਂ ਨੂੰ ਇੱਕ ਸੈਕਿੰਡ ਵਿੱਚ ਖਤਮ ਕਰ ਦਿੰਦਾ ਹੈ। ਪਰਮਾਤਮ ਪਿਆਰ ਸਰਵ ਸ਼ਕਤੀ ਸੰਪੰਨ ਹੈ, ਜੋ ਨਿਰਬਲ ਆਤਮਾਵਾਂ ਨੂੰ ਸ਼ਕਤੀਸ਼ਾਲੀ ਬਣਾ ਦਿੰਦਾ ਹੈ। ਅਜਿਹੇ ਸ੍ਰੇਸ਼ਠ ਪਰਮਾਤਮ ਪਿਆਰ ਦੇ ਤੁਸੀਂ ਕਿੰਨੀਆਂ ਥੋੜ੍ਹੀਆਂ ਜਿਹੀਆਂ ਆਤਮਾਵਾਂ ਪਾਤਰ ਹੋ। ਅਜਿਹੀਆਂ ਸ੍ਰੇਸ਼ਠ ਪਾਤ੍ਰ ਆਤਮਾਵਾਂ ਨੂੰ ਬਾਪਦਾਦਾ ਵੇਖ - ਵੇਖ ਖੁਸ਼ ਹੁੰਦੇ ਹਨ। ਜਿਵੇਂ ਬਾਪ ਖੁਸ਼ ਹੁੰਦੇ ਹਨ ਉਵੇਂ ਬੱਚੇ ਵੀ ਖੁਸ਼ ਹੁੰਦੇ ਹਨ ਲੇਕਿਨ ਨੰਬਰਵਾਰ। ਬਾਪਦਾਦਾ ਤੇ ਇਹ ਹੀ ਹਰ ਇੱਕ ਬੱਚੇ ਨੂੰ ਦਿਲ ਤੋਂ ਵਰਦਾਨ ਦਿੰਦੇ ਹਨ ਕਿ ਸਦਾ ਪਰਮਾਤਮ ਪਿਆਰ ਦੇ ਝੂਲੇ ਵਿੱਚ ਝੂਲਣ ਵਾਲੇ ਅਵਿਨਾਸ਼ੀ ਰਤਨ ਭਵ। ਇਸ ਪਿਆਰ ਦੇ ਝੂਲੇ ਤੋਂ ਮਨ ਰੂਪੀ ਪੈਰ ਹੇਠਾਂ ਨਹੀਂ ਕਰੋ ਕਿਓਂਕਿ ਸਾਰੇ ਵਿਸ਼ਵ ਦੀਆਂ ਆਤਮਾਵਾਂ ਤੋਂ ਪਰਮ ਆਤਮਾ ਦੇ ਲਾਡਲੇ ਹੋ, ਪਿਆਰੇ ਹੋ। ਤਾਂ ਬਾਪਦਾਦਾ ਇਹ ਹੀ ਬੱਚਿਆਂ ਨੂੰ ਦੁਆਵਾਂ ਦਿੰਦੇ ਹਨ ਇਸੇ ਪਰਮਾਤਮ ਪਿਆਰ ਵਿੱਚ ਲਵਲੀਨ ਰਹੋ। ਅਜਿਹੀਆਂ ਲਵਲੀਨ ਆਤਮਾਵਾਂ ਦੇ ਕੋਲ ਕੋਈ ਵੀ ਪ੍ਰਸਥਿਤੀ ਜਾਂ ਮਾਇਆ ਦੀ ਹਲਚਲ ਆ ਨਹੀਂ ਸਕਦੀ। ਹੇਠਾਂ ਪੈਰ ਰੱਖਦੇ ਹੋ ਤਾਂ ਮਾਇਆ ਵੀ ਵੱਖ - ਵੱਖ ਖੇਲ ਖੇਲ੍ਹਣ ਆਉਂਦੀ ਹੈ, ਵੱਖ - ਵੱਖ ਰੂਪ ਧਾਰਨ ਕਰ ਆਕਰਸ਼ਿਤ ਕਰਦੀ ਹੈ। ਲਵਲੀਨ ਆਤਮਾਵਾਂ ਦੀਆਂ ਸਰਵ ਸ਼ਕਤੀਆਂ ਦੇ ਅੱਗੇ ਮਾਇਆ ਅੱਖ ਚੁੱਕ ਕੇ ਵੀ ਨਹੀਂ ਵੇਖ ਸਕਦੀ। ਤੁਹਾਡਾ ਤੀਸਰਾ ਨੇਤ੍ਰ, ਜਵਾਲਾਮੁਖੀ ਨੇਤ੍ਰ ਮਾਇਆ ਨੂੰ ਸ਼ਕਤੀਹੀਨ ਕਰ ਦਿੰਦਾ ਹੈ। ਤਾਂ ਤੁਸੀਂ ਸਭ ਜੋ ਵਿਸ਼ੇਸ਼ ਆਤਮਾਵਾਂ ਹੋ, ਸਾਰੇ ਬ੍ਰਾਹਮਣਾਂ ਨੂੰ ਬਾਪਦਾਦਾ ਦਵਾਰਾ ਜੰਮਦੇ ਹੀ ਤੀਜਾ ਨੇਤ੍ਰ ਮਿਲਿਆ ਹੋਇਆ ਹੈ। ਪਰ ਬਾਪਦਾਦਾ ਵੇਖਦੇ ਹਨ ਕਦੇ - ਕਦੇ ਬੱਚਿਆਂ ਦਾ ਤੀਜਾ ਨੇਤ੍ਰ ਬਹੁਤ ਮਿਹਨਤ ਦਾ ਪੁਰਸ਼ਾਰਥ ਕਰਦੇ - ਕਰਦੇ ਥੱਕ ਜਾਂਦਾ ਹੈ ਅਤੇ ਥੱਕਣ ਦੇ ਕਾਰਣ ਬੰਦ ਹੋ ਜਾਂਦਾ ਹੈ। ਮਾਇਆ ਦੀ ਵੀ ਵੇਖਣ ਵਾਲੀ ਅੱਖ ਬੜੀ ਦੂਰਾਦੇਸ਼ੀ ਵਾਲੀ ਹੈ, ਦੂਰ ਤੋਂ ਹੀ ਵੇਖ ਲੈਂਦੀ ਹੈ। ਹੁਣ ਤਾਂ ਮਾਇਆ ਵੀ ਸਮਝ ਗਈ ਹੈ ਕਿ ਹੁਣ ਸਾਡਾ ਰਾਜ ਗਿਆ ਕਿ ਗਿਆ, ਇਸਲਈ ਮਾਇਆ ਤੋਂ ਘਬਰਾਓ ਨਹੀਂ। ਖੁਸ਼ੀ - ਖੁਸ਼ੀ ਨਾਲ, ਸਰਵ ਸ਼ਕਤੀਆਂ ਦੇ ਆਧਾਰ ਨਾਲ ਉਨ੍ਹਾਂ ਨੂੰ ਵਿਦਾਈ ਦਵੋ। ਆਉਣ ਦਾ ਚਾਂਸ ਨਹੀਂ ਦਵੋ, ਵਿਦਾਈ ਦਵੋ। ਉਹ ਵੀ ਬ੍ਰਾਹਮਣ ਆਤਮਾਵਾਂ ਤੋਂ, ਸ੍ਰੇਸ਼ਠ ਆਤਮਾਵਾਂ ਨਾਲ ਵਾਰ ਕਰਦੇ - ਕਰਦੇ ਥੱਕ ਗਈ ਹੈ। ਤੁਸੀਂ ਖੁਦ ਕਮਜੋਰੀ ਦੇ ਕਾਰਣ ਮਾਇਆ ਦਾ ਆਵਾਹਨ ਕਰਦੇ ਹੋ, ਉਹ ਥੱਕ ਗਈ ਹੈ ਲੇਕਿਨ ਤੁਸੀਂ ਆਵਾਹਨ ਕਰਦੇ ਹੋ ਤਾਂ ਉਹ ਵੀ ਚਾਂਸ ਲੈ ਲੈਂਦੀ ਹੈ। ਹੁਣ ਸ਼ਕਤੀਹੀਣ ਹੋ ਗਈ ਹੈ। ਤੁਹਾਡਾ ਸਭ ਦਾ ਅਨੁਭਵ ਕੀ ਕਹਿੰਦਾ ਹੈ? ਹੁਣ ਮਾਇਆ ਵਿਚ ਪਹਿਲੇ ਵਰਗੀ ਸ਼ਕਤੀ ਹੈ? ਉਸ ਵਿੱਚ ਸ਼ਕਤੀ ਹੈ ਜਾਂ ਤੁਸੀਂ ਸ਼ਕਤੀਸ਼ਾਲੀ ਹੋ? ਉਹ ਟਰਾਇਲ ਤਾਂ ਕਰੇਗੀ ਕਿਓਂਕਿ ਤੁਸੀਂ ਹੀ ਆਵਾਹਨ ਕਰਦੇ ਹੋ ਤਾਂ ਉਹ ਚਾਂਸ ਕਿਓਂ ਨਹੀ ਦਵੇਗੀ। ਕਮਜੋਰ ਬਣਦੇ ਕਿਓਂ ਹੋ? ਬਾਪ ਦਾ ਇਹ ਕੁਵਸ਼ਚਨ ਹੈ ਕਿ ਸਰਵਸ਼ਕਤੀਮਾਨ ਹੋ ਜਾਂ ਨਹੀਂ? ਸਾਰੇ ਮਾਸਟਰ ਸਰਵਸ਼ਕਤੀਮਾਨ ਹੋ? ਕਦੇ - ਕਦੇ ਸਰਵਸ਼ਕਤੀਮਾਨ ਹੋ ਜਾਂ ਸਦਾ ਸਰਵਸ਼ਕਤੀਮਾਨ ਹੋ? ਕੀ ਹੋ? ਸਦਾ ਸ਼ਕਤੀਸ਼ਾਲੀ ਹੋ? ਤਾਂ ਮਾਇਆ ਨੂੰ ਕਹਿ ਦਈਏ ਕਿ ਹੁਣ ਜਾਓ? ਤੁਸੀਂ ਉਸ ਨੂੰ ਨਹੀਂ ਬੁਲਾਉਣਾ। ਬਾਪ ਮਾਇਆ ਨੂੰ ਕਹਿੰਦੇ ਹਨ ਹੁਣੇ ਸਮਾਪਤ ਕਰੋ। ਤਾਂ ਮਾਇਆ ਬਾਪ ਨੂੰ ਕਹਿੰਦੀ ਹੈ ਕਿ ਮੈਨੂੰ ਆਵਾਹਨ ਕਰਦੇ ਹਨ। ਤਾਂ ਬਾਪ ਕੀ ਕਰੇ? ਜੇਕਰ ਕਿਸੇ ਵੀ ਕਿਸਮ ਦੀ ਕਮਜੋਰੀ ਭਾਵੇਂ ਮਨ ਦੀ, ਭਾਵੇਂ ਵਚਨ ਦੀ, ਭਾਵੇਂ ਸੰਬੰਧ - ਸੰਪਰਕ ਵਿੱਚ ਆਉਂਦੀ ਹੈ ਤਾਂ ਸਮਝੋ ਮਾਇਆ ਨੂੰ ਆਵਾਹਨ ਕੀਤਾ। ਉਸ ਨੂੰ ਵੀ ਆਵਾਹਨ ਦਾ ਵਾਇਬ੍ਰੇਸ਼ਨ ਬਹੁਤ ਜਲਦੀ ਪਹੁੰਚਦਾ ਹੈ।

ਇਹ ਮਹਾ ਉੱਤਸਵ ਤਾਂ ਬਹੁਤ ਵਧੀਆ ਮਨਾ ਰਹੇ ਹੋ। ਲੇਕਿਨ ਉਤਸਾਹ ਸਦਾ ਰਹੇ ਇਸਲਈ ਉੱਤਸਵ ਮਨਾ ਰਹੇ ਹੋ। ਇਸ ਵਰ੍ਹੇ ਬਹੁਤ ਉੱਤਸਵ ਮਨਾ ਰਹੇ ਹੋ ਨਾ? ( ਇਸ ਗਰੁੱਪ ਵਿਚ ਈਸ਼ਵਰੀ ਸੇਵਾ ਦੇ ਆਦਿ ਰਤਨ ਭਾਈਆਂ ਦਾ ਸਨਮਾਨ ਸਮਾਰੋਹ ਅਤੇ ਟੀਚਰ ਭੈਣਾਂ ਦੀ ਸਿਲਵਰ ਜੁਬਲੀ ਦਾ ਪ੍ਰੋਗਰਾਮ ਰੱਖਿਆ ਗਿਆ ਹੈ) ਹਰ ਗਰੁੱਪ ਵਿਚ ਉੱਤਸਵ ਮਨਾ ਰਹੇ ਹੋ ਤਾਂ ਬਾਪ ਸਮਝਦੇ ਹਨ ਕਿ ਇਹ ਵਰ੍ਹਾ ਉੱਤਸਵ ਮਨਾਉਣਾ ਮਤਲਬ ਮਾਇਆ ਨੂੰ ਵਿਦਾਈ ਦੇਣਾ। ਇਵੇਂ ਨਹੀਂ ਗੋਲਡਨ ਚੁਨਰੀ ਪਾ ਕੇ ਬੈਠ ਜਾਵੋ, ਗੋਲਡਨ ਚੁਨਰੀ ਪਾਉਣਾ ਮਾਨਾ ਗੋਲਡਨ ਏਜ਼ਡ ਬਣਨਾ। ਦ੍ਰਿਸ਼ ਤੇ ਬਹੁਤ ਚੰਗਾ ਲਗਦਾ ਹੈ ਲੇਕਿਨ ਸਦਾ ਗੋਲਡਨ ਚੁਨਰੀ ਦੀ ਚੁੰਨੀ ਜਾਂ ਦੁਪੱਟਾ ਪਿਆ ਰਹੇ। ਇਵੇਂ ਨਹੀਂ ਦੁਪੱਟਾ ਉਤਰਿਆ, ਉੱਤਸਵ ਪੂਰਾ ਹੋਇਆ ਅਤੇ ਜਿਵੇਂ ਸੀ ਉਵੇਂ ਰਹੇ। ਇਹ ਉਤਸਾਹ ਦਵਾਉਣ ਦਾ ਫੰਕਸ਼ਨ ਹੈ। ਤਾਂ ਜਿਨ੍ਹਾਂ ਨੇ ਉੱਤਸਵ ਮਨਾਇਆ ਹੈ ਜਾਂ ਮਨਾਉਣ ਦੇ ਲਈ ਆਏ ਹਨ ਉਹ ਹੱਥ ਉਠਾਓ। ਬਾਪਦਾਦਾ ਖੁਸ਼ ਹਨ। ਖੂਬ ਮਨਾਓ ਲੇਕਿਨ ਮਨਾਉਣਾ ਮਤਲਬ ਬਣਨਾ ਅਤੇ ਬਨਾਉਣਾ। ਉੱਤਸਵ ਮਨਾਉਣ ਸਮੇਂ ਆਪਣੇ ਆਪ ਨੂੰ ਅੰਡਰਲਾਈਨ ਕਰੋ ਸਦਾ ਯਾਦ ਅਤੇ ਸੇਵਾ ਦੇ ਉਤਸਾਹ ਵਿੱਚ ਰਹਿਣ ਵਾਲੀ ਆਤਮਾ ਹਾਂ। ਬਾਪਦਾਦਾ ਨੂੰ ਵੀ ਦ੍ਰਿਸ਼ ਚੰਗਾ ਲਗਦਾ ਹੈ। ਤਾਂ ਇਹ ਵਰ੍ਹਾ ਮਾਇਆ ਨੂੰ ਵਿਦਾਈ ਦੇਣ ਦਾ ਵਰ੍ਹਾ ਮਨਾਉਣਾ ਚਾਹੁੰਦੇ ਹਨ। ਤਾਂ ਅਜਿਹਾ ਉੱਤਸਵ ਮਨਾਓਗੇ ਨਾ? ਕਲ ਜੋ ਮਨਾਓਗੇ ਇਵੇਂ ਹੀ ਮਨਾਓਗੇ ਨਾ? ਸਿਲਵਰ ਜੁਬਲੀ ਮਨਾਓਗੇ ਨਾ? ਗੋਲਡਨ ਜੁਬਲੀ ਹੋਵੇ, ਸਿਲਵਰ ਜੁਬਲੀ ਹੋਵੇ ਲੇਕਿਨ ਹੈ ਤੇ ਉੱਤਸਵ ਨਾ! ਇਵੇਂ ਨਹੀਂ ਸੋਚਣਾ ਅਸੀਂ ਤਾਂ ਸਿਲਵਰ ਜੁਬਲੀ ਵਾਲੇ ਹਾਂ, ਪਹਿਲੇ ਗੋਲਡਨ ਵਾਲੇ ਬਣਨ ਫਿਰ ਅਸੀ ਬਣੀਏ। ਅਜਿਹਾ ਨਹੀਂ ਸੋਚਣਾ। ਅਤੇ ਜਿਨ੍ਹਾਂ ਨੇ ਨਹੀਂ ਵੀ ਮਨਾਇਆ ਹੈ, ਉਹ ਵੀ ਇਵੇਂ ਨਹੀਂ ਸਮਝਣਾ ਕਿ ਜੋ ਉੱਤਸਵ ਮਨਾਉਣ ਵਾਲੇ ਹਨ ਉਨ੍ਹਾਂ ਦੇ ਲਈ ਬਾਪਦਾਦਾ ਕਹਿ ਰਹੇ ਹਨ। ਸਭ ਦੇ ਲਈ ਕਹਿ ਰਹੇ

ਹਾਂ। ਬ੍ਰਾਹਮਣ ਜੀਵਨ ਦਾ ਉਤਸਵ ਤੇ ਮਨਾਇਆ ਹੈ ਨਾ! ਬ੍ਰਾਹਮਣ ਤਾਂ ਸਾਰੇ ਬਣ ਗਏ ਜਾਂ ਬ੍ਰਾਹਮਣ ਵੀ ਬਣ ਰਹੇ ਹੋ? ਬਣ ਗਏ ਹਨ। ਤਾਂ ਬ੍ਰਾਹਮਣ ਜਨਮ ਦਾ ਉਤਸਵ ਮਨਾਉਣ ਵਾਲੀਆਂ ਆਤਮਾਵਾਂ ਮਤਲਬ ਸਦਾ ਉਤਸਾਹ ਵਿੱਚ ਰਹਿਣਾ ਅਤੇ ਦੂਜਿਆਂ ਨੂੰ ਵੀ ਉਤਸਾਹ ਵਿੱਚ ਲਿਆਉਣਾ। ਇਹ ਹੀ ਬ੍ਰਾਹਮਣਾਂ ਦਾ ਆਕੂਪੇਸ਼ਨ ਹੈ। ਉਹ ਬ੍ਰਾਹਮਣ ਤੇ ਮੂੰਹ ਨਾਲ ਕਥਾ ਕਰਦੇ ਹਨ, ਤੁਸੀਂ ਬ੍ਰਾਹਮਣ ਮੂੰਹ ਨਾਲ ਵੀ ਬੋਲਦੇ ਤਾਂ ਉਤਸਾਹ ਦਵਾਉਣ ਦੇ ਲਈ ਬੋਲਦੇ ਹੋ। ਕਿਵੇਂ ਦੀ ਵੀ ਆਤਮਾ ਹੋਵੇ, ਭਾਵੇਂ ਤੁਹਾਡੇ ਵਿਰੋਧੀ ਆਤਮਾ ਹੋਵੇ, ਕਿਉਂਕਿ ਹਿਸਾਬ - ਕਿਤਾਬ ਵੀ ਉੱਥੇ ਹੀ ਚੁਕਤੂ ਹੋਣਾ ਹੈ। ਲੇਕਿਨ ਕਿਵੇਂ ਦੀ ਵੀ ਆਤਮਾ ਹੋਵੇ ਬ੍ਰਾਹਮਣਾਂ ਦਾ ਕੰਮ ਹੈ ਉਤਸਾਹ ਭਰੀ ਕਹਾਣੀ ਸੁਣਾਉਣਾ। ਉਤਸਾਹ ਦੀਆਂ ਗੱਲਾਂ ਸੁਣਾਉਣਾ। ਉਹ ਰੋਂਦਾ ਹੋਵੇ ਤੁਸੀਂ ਉਸਨੂੰ ਉਤਸਾਹ ਵਿੱਚ ਨਚਾ ਦਵੋ। ਜਦੋਂ ਕੋਈ ਦਿਲ ਵਿਚ ਉਤਸਾਹ ਹੁੰਦਾ ਹੈ ਤਾਂ ਕੀ ਹੁੰਦਾ ਹੈ? ਪੈਰ ਨੱਚਣ ਲਗਦੇ ਹਨ। ਜਿਵੇਂ ਇਹ ਫੰਕਸ਼ਨ ਕਰਦੇ ਹੋ ਨਾ। ਤਾਂ ਲਾਸ੍ਟ ਵਿੱਚ ਕੀ ਕਰਦੇ ਹੋ? ਸਭ ਡਾਂਸ ਕਰਦੇ ਹਨ ਨਾ। ਇਹ ਤਾਂ ਪੈਰ ਦੀ ਡਾਂਸ ਹੈ। ਬ੍ਰਹਾਮਣ ਆਤਮਾ ਸਿਵਾਏ ਉਤਸਾਹ ਦਵਾਉਣ ਅਤੇ ਉਤਸਾਹ ਵਿੱਚ ਰਹਿਣ ਦੇ ਬਿਨਾਂ ਰਹਿ ਨਹੀਂ ਸਕਦੀ। ਉਤਸਾਹ ਮਿਟਾਉਣ ਵਾਲੀਆਂ ਗੱਲਾਂ ਹੁੰਦੀਆਂ ਹਨ ਅਤੇ ਹੋਣਗੀਆਂ ਪਰ ਬਾਪਦਾਦਾ ਇਸ ਵਰ੍ਹੇ ਵਿਚ ਇਹ ਹੀ ਸਭ ਬੱਚਿਆਂ ਤੋਂ ਸ਼ੁਭ ਆਸ ਰੱਖਦੇ ਹਨ ਕਿ ਬੀਤੀ ਸੋ ਬੀਤੀ, ਅੱਜ ਤੱਕ ਜੋ ਵੀ ਕਿਵੇਂ ਦੀਆਂ ਵੀ ਆਤਮਾਵਾਂ ਸੰਬੰਧ - ਸੰਪਰਕ ਵਿੱਚ ਰਹੀਆਂ ਹਨ, ਕਿਵੇਂ ਦੀਆਂ ਵੀ ਹਨ, ਭਾਵੇਂ ਨੈਗੇਟਿਵ ਵੀ ਹਨ, ਸਾਮਨਾ ਕਰਨ ਵਾਲੀਆਂ ਵੀ ਹਨ, ਬ੍ਰਾਹਮਣ ਜੀਵਨ ਨੂੰ ਹਿਲਾਉਣ ਵਾਲੀਆਂ ਵੀ ਹਨ ਲੇਕਿਨ ਇਸ ਵਰ੍ਹੇ ਵਿਚ ਨੈਗੇਟਿਵ ਅਤੇ ਵੇਸਟ ਦ੍ਰਿਸ਼ਟੀਕੋਣ ਖਤਮ ਕਰੋ। ਸਨੇਹ ਦਵੋ, ਸ਼ਕਤੀ ਦਵੋ। ਜੇਕਰ ਸਨੇਹ ਨਹੀਂ ਦੇ ਸਕਦੇ, ਸ਼ਕਤੀ ਨਹੀਂ ਦੇ ਸਕਦੇ ਤਾਂ ਵੇਖਦੇ ਸੁਣਦੇ, ਸੰਪਰਕ ਵਿੱਚ ਆਉਂਦੇ ਵੇਸਟ ਅਤੇ ਨੈਗੇਟਿਵ ਗੱਲਾਂ ਨੂੰ ਦਿਲ ਵਿਚ ਧਾਰਨ ਕਰਨ ਤੋਂ ਅਵੋਇਡ ਕਰੋ। ਮਨ ਅਤੇ ਬੁੱਧੀ ਵਿੱਚ ਧਾਰਨ ਨਹੀਂ ਹੋਣ, ਅਵੋਇਡ ਕਰੋ। ਪਰਿਵਰਤਨ ਕਰੋ। ਨੈਗੇਟਿਵ ਨੂੰ ਜਾਂ ਵੇਸਟ ਨੂੰ ਪਰਿਵਤਨ ਕਰਕੇ ਦਿਲ ਵਿਚ ਸਮਾਓ। ਇਵੇਂ ਦੋਵੇਂ ਗੱਲਾਂ ਨੂੰ ਜੋ ਅਵੋਇਡ ਕਰੇਗਾ ਉਸ ਨੂੰ ਬਾਪਦਾਦਾ ਦਵਾਰਾ, ਬ੍ਰਾਹਮਣ ਪਰਿਵਾਰ ਦਵਾਰਾ ਬਹੁਤ ਚੰਗੇ ਤੋਂ ਚੰਗਾ, ਵੱਡੇ ਤੋਂ ਵੱਡਾ ਅਵਾਰਡ ਮਿਲੇਗਾ। ਹੋਰ ਆਤਮਾਵਾਂ ਨੂੰ ਤੇ ਅਵਾਰਡ ਦੇਣ ਵਾਲੀਆਂ ਆਤਮਾਵਾਂ ਹੁੰਦੀਆਂ ਹਨ। ਅਵਾਰਡ ਮਿਲਦਾ ਹੈ ਨਾ? ਤਾਂ ਇਹ ਪਰਮਾਤਮ ਅਵਾਰਡ ਹੈ। ਅਵੋਇਡ ਕਰੋ ਅਵਾਰਡ ਲਵੋ। ਹਿੰਮਤ ਹੈ? ਅੱਛਾ।

ਪਾਂਡਵਾਂ ਨੇ ਜਿਨ੍ਹਾਂ ਨੇ ਫੰਕਸ਼ਨ ਮਨਾਇਆ, ਉਨ੍ਹਾਂ ਵਿੱਚ ਹਿੰਮਤ ਹੈ? ਅਵਾਰਡ ਲਵੋਗੇ? ਸਭ ਨੇ ਹੱਥ ਉਠਾਇਆ, ਅੱਜ ਦੀ ਡੇਟ ਅੰਡਰਲਾਈਨ ਕਰਨਾ। ਅੱਜ ਕਿਹੜੀ ਡੇਟ ਹੈ? ( 14 ਦਸੰਬਰ ) ਤਾਂ ਹਰ ਵਰ੍ਹੇ ਦੀ 14 ਤਾਰੀਖ ਆਪਣੇ ਆਪ ਨੂੰ ਚੈਕ ਕਰਨਾ। ਅੱਛਾ ਸਿਲਵਰ - ਜੁਬਲੀ ਵਾਲੇ ਜੋ ਸਮਝਦੇ ਹਨ ਅਵਾਰਡ ਲਵਾਂਗੇ, ਉਹ ਹੱਥ ਉਠਾਓ। ਇਵੇਂ ਦੇਖਾ - ਦੇਖੀ ਨਹੀਂ ਉਠਾਓ। ਸ਼ਰਮ ਦੇ ਕਾਰਣ ਨਹੀਂ ਉਠਾਓ। ਬਾਪਦਾਦਾ ਚਾਂਸ ਦਿੰਦੇ ਹਨ, ਜੇਕਰ ਕਿਸੇ ਵਿੱਚ ਹਿੰਮਤ ਨਹੀਂ ਹੈ ਤਾਂ ਨਹੀਂ ਉਠਾਓ, ਕੋਈ ਹਰਜਾ ਨਹੀਂ। ਬਾਪਦਾਦਾ ਹੋਰ ਸਾਕਾਸ਼ ਦੇਣਗੇ, ਅਜਿਹੀ ਕੋਈ ਗੱਲ ਨਹੀਂ ਹੈ। ਅਜਿਹੇ ਕੋਈ ਹਨ ਜੋ ਸਮਝਦੇ ਹਨ ਹੋਰ ਥੋੜ੍ਹੀ ਹਿੰਮਤ ਚਾਹੀਦੀ ਹੈ? ਕੋਈ ਸਿਲਵਰ ਜੁਬਲੀ ਵਾਲੀ ਟੀਚਰਜ਼ ਅਜਿਹੀਆਂ ਹਨ? ਚੱਲੋ ਇੱਥੇ ਹੱਥ ਨਹੀਂ ਉਠਾਓ, ਸ਼ਰਮ ਆਉਂਦਾ ਹੈ ਤਾਂ ਲਿਖ ਕੇ ਦੇਣਾ। ਜਦੋਂ ਫੰਕਸ਼ਨ ਮਨਾਓ ਉਸ ਵੇਲੇ ਦੇਣਾ, ਸਮਝਦੇ ਹੋ ਸਾਨੂੰ ਐਕਸਟ੍ਰਾ ਹਿੰਮਤ ਚਾਹੀਦੀ ਹੈ, ਤਾਂ ਉਸਦੇ ਲਈ ਵਿਸ਼ੇਸ਼ ਟਿਊਸ਼ਨ ਰੱਖਾਂਗੇ। ਜੋ ਪੜ੍ਹਾਈ ਵਿੱਚ ਕਮਜੋਰ ਹੁੰਦਾ ਹੈ ਤਾਂ ਕੀ ਕਰਦੇ ਹਨ? ਟਿਊਸ਼ਨ ਰੱਖਦੇ ਹਨ ਨਾ? ਅੱਛਾ। ਮਧੂਬਨ ਵਾਲੇ ਹੱਥ ਉਠਾਓ। ਖੜ੍ਹੇ ਹੋ ਜਾਵੋ। ਮਧੂਬਨ ਵਾਲੇ ਚਾਂਸ ਚੰਗਾ ਲੈਂਦੇ ਹਨ। ਅੱਛਾ, ਮਧੂਬਨ ਵਾਲੇ ਅਵਾਰਡ ਲਵੋਗੇ? ਸਭ ਨੇ ਉਠਾਇਆ? ਟਿਊਸ਼ਨ ਨਹੀਂ ਚਾਹੀਦੀ? ਬਹਾਦੁਰ ਹੋ। ਅੱਛਾ - ਬਾਪਦਾਦਾ ਹਿਸਾਬ ਲੈਣਗੇ। ਮੁਬਾਰਕ ਹੋਵੇ ਮਧੂਬਨ ਵਾਲਿਆਂ ਨੂੰ। ਤਾਂ ਇਹ ਵਰ੍ਹਾ ਵਿਦਾਈ ਅਤੇ ਵਧਾਈ ਦਾ ਹੈ ਅਤੇ ਇਸ ਵਰ੍ਹੇ ਵਿਚ ਵਿਸ਼ੇਸ਼ ਜੋ ਬੱਚਿਆਂ ਨੇ ਸੰਕਲਪ ਕੀਤਾ ਹੈ, ਉਹ ਪ੍ਰੈਕਟਿਕਲ ਵਿੱਚ ਕਰਨ ਵਾਲਿਆਂ ਨੂੰ ਬਾਪਦਾਦਾ ਦੀ ਐਕਸਟ੍ਰਾ ਮਦਦ ਵੀ ਮਿਲੇਗੀ। ਸਿਰਫ ਪੱਕੇ ਰਹਿਣਾ। ਵਿੱਚ - ਵਿੱਚ ਦੀ ਡਰਾਮਾ ਪੇਪਰ ਲਵੇਗਾ ਪਰ ਸੰਕਲਪ ਵਿੱਚ ਦ੍ਰਿੜ ਰਹਿਣਾ, ਸੰਕਲਪ ਰੂਪੀ ਪੈਰ ਹਿਲੇ ਨਹੀਂ, ਅਚਲ ਰਹੇ ਤਾਂ ਬਾਪ ਦਾਦਾ ਦਵਾਰਾ ਐਕਸਟ੍ਰਾ ਮਦਦ ਦੀ ਅਨੁਭੂਤੀ ਹੋਵੇਗੀ। ਸਿਰਫ ਲੈਣ ਦੀ ਸ਼ਕਤੀ ਚਾਹੀਦੀ ਹੈ। ਇੱਕ ਬਲ, ਇੱਕ ਭਰੋਸਾ... ਕੁਝ ਵੀ ਹੋ ਜਾਵੇ, ਬਣਨਾ ਹੀ ਹੈ। ਇਹ ਸੰਕਲਪ ਰੂਪੀ ਪੈਰ ਮਜਬੂਤ ਰੱਖਣਾ। ਤਾਂ ਗੱਲਾਂ ਆਉਣਗੀਆਂ ਵੀ ਪਰ ਇਵੇਂ ਹੀ ਮਹਿਸੂਸ ਕਰੋਗੇ ਜਿਵੇਂ ਪਲੇਨ ਵਿੱਚ ਬੱਦਲ ਹੇਠਾਂ ਰਹਿ ਜਾਂਦੇ ਹਨ ਅਤੇ ਖੁਦ ਬੱਦਲਾਂ ਦੇ ਉਪਰ ਰਹਿੰਦੇ ਹਨ। ਬੱਦਲ ਇੱਕ ਮੰਨੋਰਜਨ ਦਾ ਦ੍ਰਿਸ਼ ਬਣ ਜਾਂਦੇ ਹਨ। ਇਵੇਂ ਕਿੰਨੀਆਂ ਵੀ ਕਾਲੇ ਬੱਦਲਾਂ ਵਰਗੀਆਂ ਗੱਲਾਂ ਹੋਣ, ਜਿਸ ਨਾਲ ਕੁਝ ਸਮੱਸਿਆ ਦਾ ਹਲ ਜਾਂ ਸਮਾਧਾਨ ਉਸ ਵੇਲੇ ਵਿਖਾਈ ਨਾ ਵੀ ਦੇਵੇ ਪਰ ਇਹ ਦ੍ਰਿੜ ਨਿਸ਼ਚੇ ਹੋਵੇ ਕਿ ਇਹ ਬੱਦਲ ਆਏ ਹਨ ਜਾਣ ਦੇ ਲਈ। ਇਹ ਬੱਦਲ ਬਿਖਰਨ ਵਾਲੇ ਹੀ ਹਨ, ਰਹਿਣ ਵਾਲੇ ਨਹੀਂ ਹਨ। ਇਵੇਂ ਉੱਡਦੀ ਕਲਾ ਦੀ ਸਟੇਜ ਤੇ ਸਥਿਤ ਹੋ ਜਾਵੋ ਤਾਂ ਕਿੰਨੇ ਵੀ ਗਹਿਰੇ ਕਾਲੇ ਬੱਦਲ ਬਿਖਰ ਜਾਣਗੇ ਅਤੇ ਤੁਸੀਂ ਦ੍ਰਿੜਤਾ ਦੇ ਬਲ ਨਾਲ ਸਫਲ ਹੋਏ ਹੀ ਪਏ ਹੋ। ਘਬਰਾਓ ਨਹੀਂ, ਇਹ ਕਿਵੇਂ ਹੋਵੇਗਾ! ਚੰਗਾ ਹੋਵੇਗਾ, ਕਿਉਂਕਿ ਬਾਪ ਦਾਦਾ ਜਾਣਦੇ ਹਨ ਜਿੰਨਾਂ ਸਮਾਂ ਨੇੜੇ ਆ ਰਿਹਾ ਹੈ ਉਤਨੀ ਨਵੀਆਂ - ਨਵੀਆਂ ਗੱਲਾਂ, ਸੰਸਕਾਰ, ਹਿਸਾਬ - ਕਿਤਾਬ ਦੇ ਕਾਲੇ ਬੱਦਲ ਆਉਣਗੇ। ਇਥੇ ਹੀ ਸਭ ਚੁਕਤੂ ਹੋਣਾ ਹੈ। ਕਈ ਬੱਚੇ ਕਹਿੰਦੇ ਹਨ ਕਿ ਦਿਨ - ਪ੍ਰਤੀਦਿਨ ਹੋਰ ਹੀ ਅਜਿਹੀਆਂ ਗੱਲਾਂ ਵਧਦੀਆਂ ਕਿਓਂ ਹਨ? ਜਿਨ੍ਹਾਂ ਬੱਚਿਆਂ ਨੂੰ ਧਰਮਰਾਜਪੁਰੀ ਨੂੰ ਕਰਾਸ ਨਹੀਂ ਕਰਨਾ ਹੈ ਉਨ੍ਹਾਂ ਦੇ ਸੰਗਮ ਦੇ ਇਸ ਅੰਤਿਮ ਵੇਲੇ ਵਿੱਚ ਸੁਭਾਅ - ਸੰਸਕਾਰ ਦੇ ਸਭ ਹਿਸਾਬ - ਕਿਤਾਬ ਇੱਥੇ ਹੀ ਚੁੱਕਤੂ ਹੋਣੇ ਹਨ। ਧਰਮਰਾਜ ਪੁਰੀ ਵਿੱਚ ਨਹੀਂ ਜਾਣਾ ਹੈ। ਤੁਹਾਡੇ ਸਾਮ੍ਹਣੇ ਯਮਦੂਤ ਨਹੀਂ ਆਉਣਗੇ। ਇਹ ਗੱਲਾਂ ਹੀ ਯਮਦੂਤ ਹਨ, ਜੋ ਇੱਥੇ ਹੀ ਖਤਮ ਹੋਣੀਆਂ ਹਨ ਇਸਲਈ ਬਿਮਾਰੀ ਬਾਹਰ ਨਿਕਲਕੇ ਖਤਮ ਹੋਣ ਦੀ ਨਿਸ਼ਾਨੀ ਹੈ। ਇਵੇਂ ਨਹੀਂ ਸੋਚੋ ਕਿ ਇਹ ਤਾਂ ਵਿਖਾਈ ਨਹੀਂ ਦਿੰਦਾ ਹੈ ਕਿ ਸਮੇਂ ਸਮੀਪ ਹੈ ਅਤੇ ਹੋਰ ਹੀ ਵਿਅਰਥ ਸੰਕਲਪ ਵੱਧ ਰਹੇ ਹਨ ਪਰ ਇਹ ਚੁਕਤੂ ਹੋਣ ਲਈ ਬਾਹਰ ਨਿਕਲ ਰਹੇ ਹਨ। ਉਨ੍ਹਾਂ ਦਾ ਕੰਮ ਹੈ ਆਉਣਾ ਅਤੇ ਤੁਹਾਡਾ ਕੰਮ ਹੈ ਉੱਡਦੀ ਕਲਾ ਦਵਾਰਾ, ਸਾਕਾਸ਼ ਦਵਾਰਾ ਪਰਿਵਰਤਨ ਕਰਨਾ। ਘਬਰਾਓ ਨਹੀਂ। ਕਈ ਬੱਚਿਆਂ ਦੀ ਵਿਸ਼ੇਸ਼ਤਾ ਹੈ ਕਿ ਬਾਹਰ

ਤੋਂ ਘਬਰਾਣਾ ਵਿਖਾਈ ਨਹੀਂ ਦਿੰਦਾ ਹੈ ਪਰ ਅੰਦਰ ਮਨ ਘਬਰਾਉਂਦਾ ਹੈ। ਬਾਹਰ ਤੋਂ ਕਹਿਣਗੇ ਨਹੀਂ - ਨਹੀਂ, ਕੁਝ ਨਹੀਂ। ਇਹ ਤੇ ਹੁੰਦਾ ਹੀ ਹੈ ਲੇਕਿਨ ਅੰਦਰ ਉਸ ਦੇ ਸੇਕ ਹੋਵੇਗਾ। ਤਾਂ ਬਾਪਦਾਦਾ ਪਹਿਲੇ ਤੋਂ ਹੀ ਸੁਣਾ ਦਿੰਦਾ ਹੈ ਕਿ ਘਬਰਾਉਣ ਵਾਲੀਆਂ ਗੱਲਾਂ ਆਉਣਗੀਆਂ ਲੇਕਿਨ ਤੁਸੀਂ ਘਬਰਾਉਣਾ ਨਹੀਂ। ਆਪਣੇ ਸ਼ਾਸ਼ਤਰ ਛੱਡ ਨਹੀਂ ਦੇਣਾ। ਜੋ ਘਬਰਾਉਂਦਾ ਹੈ ਨਾ ਤਾਂ ਜੋ ਵੀ ਹੱਥ ਵਿਚ ਚੀਜ ਹੁੰਦੀ ਹੈ ਛੁੱਟ ਜਾਂਦੀ ਹੈ। ਤਾਂ ਜਦੋਂ ਇਹ ਮਨ ਵਿਚ ਵੀ ਘਬਰਾਉਂਦੇ ਹਨ ਨਾ ਤਾਂ ਸ਼ਾਸ਼ਤਰ ਅਤੇ ਸ਼ਕਤੀਆਂ ਜੋ ਹਨ ਡਿੱਗ ਜਾਂਦੀਆਂ ਹਨ, ਮਰਜ਼ ਹੋ ਜਾਂਦੀਆਂ ਹਨ ਇਸਲਈ ਘਬਰਾਓ ਨਹੀਂ, ਪਹਿਲੇ ਤੋਂ ਹੀ ਪਤਾ ਹੈ। ਤ੍ਰਿਕਾਲਦ੍ਰਸ਼ੀ ਬਣੋ, ਨਿਰਭੈ ਬਣੋ। ਬ੍ਰਾਹਮਣ ਆਪਸ ਵਿਚ ਸੰਬੰਧ ਵਿਚ ਨਿਰਭੈ ਨਹੀਂ ਬਣਨਾ, ਮਾਇਆ ਤੋਂ ਨਿਰਭੈ ਬਣੋ। ਸੰਬੰਧ ਵਿਚ ਤੇ ਸਨੇਹ ਅਤੇ ਨਿਰਮਾਣ। ਕੋਈ ਕਿਵੇਂ ਦਾ ਵੀ ਹੋਵੇ ਤੁਸੀਂ ਦਿਲ ਤੋਂ ਸਨੇਹ ਦੇਵੋ, ਸ਼ੁਭ ਭਾਵਨਾ ਦਵੋ, ਰਹਿਮ ਕਰੋ। ਨਿਰਮਾਣ ਬਣ ਉਸਨੂੰ ਅੱਗੇ ਰੱਖ ਅੱਗੇ ਵਧਾਓ। ਜਿਸ ਨੂੰ ਕਿਹਾ ਜਾਂਦਾ ਹੈ ਕਾਰਣ ਰੂਪੀ ਨੈਗੇਟਿਵ ਨੂੰ ਸਮਾਧਾਨ ਰੂਪੀ ਪੋਜ਼ੀਟਿਵ ਬਣਾਓ। ਇਹ ਕਾਰਣ, ਇਹ ਕਾਰਣ, ਇਹ ਕਾਰਣ... ਕਾਰਣ ਜਾਂ ਸਮੱਸਿਆ ਨੂੰ ਪੋਜ਼ੀਟਿਵ ਸਮਾਧਾਨ ਬਣਾਓ।

ਬਾਪਦਾਦਾ ਇੱਕ ਗੱਲ ਤੇ ਕਦੇ - ਕਦੇ ਹੱਸੀ ਆਉਂਦੀ ਹੈ। ਪਤਾ ਹੈ ਕਿਹੜੀ ਗੱਲ? ਜਾਣਦੇ ਹੋ? ਇੱਕ ਪਾਸੇ ਤੇ ਚੈਲੇਂਜ ਕਰਦੇ ਹਨ - ਬਾਬਾ ਅਸੀਂ ਪ੍ਰਕ੍ਰਿਤੀ ਜਿੱਤ ਬਣਾਂਗੇ। ਪ੍ਰਾਕ੍ਰਿਤੀ ਨੂੰ ਵੀ ਬਦਲਾਂ ਗੇ, ਇਹ ਕਹਿੰਦੇ ਹੋ ਨਾ? ਪ੍ਰਾਕ੍ਰਿਤੀ ਨੂੰ ਬਦਲੋਗੇ ਨਾ? ਅਜਿਹੀ ਚੈਲੇਂਜ ਕਰਨ ਵਾਲੇ ਪ੍ਰਕ੍ਰਿਤੀ ਨੂੰ ਬਦਲ ਸਕਦੇ ਹਨ। ਲੇਕਿਨ ਜਦ ਸੰਬੰਧ - ਸੰਪਰਕ ਵਿੱਚ ਕੋਈ ਗੱਲਾਂ ਹੁੰਦੀਆਂ ਹਨ ਤਾਂ ਉਸ ਦਾ ਸਮਾਧਾਨ ਨਹੀਂ ਕਰ ਸਕਦੇ। ਪਰਿਵਰਤਨ ਨਹੀਂ ਕਰ ਸਕਦੇ। ਹੱਸੀ ਦੀ ਗੱਲ ਹੈ ਨਾ - ਪ੍ਰਾਕ੍ਰਿਤੀ ਜੜ ਹੈ ਉਸਦੇ ਲਈ ਤਾਂ ਚੈਲੇਂਜ ਹੈ ਲੇਕਿਨ ਬ੍ਰਾਹਮਣ ਆਤਮਾਵਾਂ ਨੂੰ ਪਰਿਵਰਤਨ ਕਰਨਾ, ਉਹ ਨਹੀਂ ਹੁੰਦਾ ਹੈ। ਅਤੇ ਫਿਰ ਕੀ ਸੋਚਦੇ ਹਨ? ਉਹ ਹੋ ਨਹੀਂ ਸਕਦਾ, ਇਹ ਹੋਣਾ ਹੀ ਨਹੀਂ ਹੈ। ਹੋ ਹੀ ਨਹੀਂ ਸਕਦਾ, ਬਦਲ ਹੀ ਨਹੀਂ ਸਕਦਾ। ਤਾਂ ਪ੍ਰਾਕ੍ਰਿਤੀ ਨੂੰ ਕਿਵੇਂ ਬਦਲੋਂਗੇ? ਖੁਦ ਬਦਲਕੇ ਹੋਰਾਂ ਨੂੰ ਬਦਲੋ। ਚਲੋ ਉਹ ਰਾਂਗ ਹੈ, 100% ਰਾਂਗ ਹੈ। ਪਰ ਤੁਹਾਡਾ ਵਾਇਦਾ ਕੀਤਾ ਹੈ? ਬਾਪ ਨਾਲ ਕੀ ਵਾਇਦਾ ਕੀਤਾ ਹੈ? ਖੁਦ ਦੇ ਪਰਿਵਰਤਨ ਨਾਲ ਵਿਸ਼ਵ ਦਾ ਪਰਿਵਰਤਨ ਕਰਾਂਗੇ, ਇਹ ਵਾਇਦਾ ਹੈ ਜਾਂ ਭੁੱਲ ਗਏ ਹੋ? ਹਾਂ ਤੇ ਸਭ ਕਰਦੇ ਹੋ। ਕਿਵੇਂ ਦੀਆਂ ਵੀ ਗੱਲਾਂ ਹੋਣ, ਗੱਲਾਂ ਨੂੰ ਬਦਲਣ ਲਈ ਮਦਦ ਭਾਵੇਂ ਲਵੋ ਲੇਕਿਨ ਇਹ ਬਦਲਣਾ ਹੀ ਮੁਸ਼ਕਿਲ ਹੈ, ਇਹ ਸਰਟੀਫਿਕੇਟ ਨਹੀਂ ਦਵੋ। ਕਿਸ ਨੇ ਤੁਹਾਨੂੰ ਅਥਾਰਟੀ ਦਿੱਤੀ ਹੈ ਸਰਟੀਫਿਕੇਟ ਦੇਣ ਦੀ? ਤਾਂ ਇਹ ਸੋਚਣਾ ਕੀ ਇਹ ਤੇ ਹੋਣਾ ਹੀ ਨਹੀਂ ਹੈ, ਇਹ ਤਾਂ ਠੀਕ ਹੋਵੇਗਾ ਹੀ ਨਹੀਂ। ਕਿਸ ਨੇ ਤੁਹਾਨੂੰ ਜੱਜ ਬਣਾਇਆ? ਇਵੇਂ ਹੀ ਜੱਜ ਦੀ ਕੁਰਸੀ ਤੇ ਬੈਠ ਜਾਂਦੇ ਹੋ? ਜਾਂ ਤੇ ਵਕੀਲ ਬਣਦੇ, ਬਹੁਤ ਕਾਇਦੇ ਕਾਨੂੰਨ ਦੱਸਦੇ, ਬਹਿਸ ਕਰਦੇ, ਇਵੇਂ ਨਹੀਂ ਇਵੇਂ। ਇਵੇਂ ਨਹੀਂ ਉਵੇਂ। ਨਾ ਵਕੀਲ ਬਣੋ, ਨਾ ਜੱਜ ਬਣੋ। ਇਹ ਅਥਾਰਟੀ ਬਾਪਦਾਦਾ ਨੇ ਦਿੱਤੀ ਨਹੀਂ ਹੈ, ਜੋ ਨਿਮਿਤ ਹਨ ਉਨ੍ਹਾਂ ਦਾ ਸਹਿਯੋਗ ਲਵੋ। ਉਹ ਨਿਮਿਤ ਆਤਮਾਵਾਂ ਵੀ ਬਾਪਦਾਦਾ ਦੀ ਰਾਏ ਨਾਲ ਕਰਦੀਆਂ ਹਨ। ਆਪਣੀ ਮਨਮਤ ਨਹੀਂ ਚਲਾਉਂਦੀਆਂ ਹਨ।

ਤਾਂ ਇਸ ਵਰ੍ਹੇ ਵਿੱਚ ਇਹ ਸਭ ਗੱਲਾਂ ਖਤਮ ਕਰੋ ਮਤਲਬ ਮਨ ਤੋਂ ਪਰਿਵਰਤਨ ਕਰੋ, ਅਵਿਓਡ ਕਰੋ, ਉਪਰ ਭੇਜਿਆ, ਜਿੰਮੇਵਾਰੀ ਖਤਮ। ਤੁਹਾਡੇ ਤੋਂ ਪਰਿਵਰਤਨ ਨਹੀਂ ਹੁੰਦਾ ਤਾਂ ਨਿਮਿਤ ਆਤਮਾਵਾਂ ਤੱਕ ਪਹੁੰਚਾਉਣਾ ਤੁਹਾਡਾ ਫ਼ਰਜ਼ ਹੈ। ਫਿਰ ਖੁਦ ਲਾਅ ਹੱਥ ਵਿਚ ਨਹੀਂ ਲਵੋ, ਤਾਂ ਹੀ ਅਵਾਰਡ ਦੇ ਪਾਤਰ ਬਣੋਗੇ। ਤਾਂ ਸਦਾ ਉਤਸਾਹ ਵਿੱਚ ਰਹੋ ਅਤੇ ਉਤਸਾਹ ਵਧਾਓ, ਇਹ ਹੀ ਸਮ੍ਰਿਤੀ ਵਿਚ ਬਾਪਦਾਦਾ ਇਮਰਜ ਕਰ ਰਹੇ ਹਨ। ਜਦੋਂ ਖੁਦ ਉਤਸਾਹ ਵਿੱਚ ਰਹੋਗੇ ਤਾਂ ਸਭ ਦੇ ਹੱਥ ਵਿਚ ਹੱਥ ਮਤਲਬ ਮਨ ਦੇ ਸਨੇਹ ਦਾ ਹੱਥ ਵਿਚ ਹੱਥ ਲੈਕੇ ਨੱਚੋਗੇ, ਖੁਸ਼ ਰਹੋਗੇ। ਸਥੂਲ ਹੱਥ ਨਹੀਂ, ਮਨ ਦੇ ਸਨੇਹ ਦੇ ਸਹਿਯੋਗ ਦਾ ਹੱਥ। ਇਸ ਨੂੰ ਹੀ ਹੱਥ ਵਿਚ ਹੱਥ ਮਿਲਾਉਣਾ ਕਿਹਾ ਜਾਂਦਾ ਹੈ। ਸਨੇਹ ਕੀ ਨਹੀਂ ਕਰ ਸਕਦਾ ਅਤੇ ਇਹ ਪਰਮਾਤਮ ਸਨੇਹ ਹੈ, ਪਰਮਾਤਮ ਪਿਆਰ ਹੈ। ਉਹ ਕੀ ਨਹੀਂ ਕਰ ਸਕਦਾ! ਅਸੰਭਵ ਬ੍ਰਾਹਮਣ ਡਿਕਸ਼ਨਰੀ ਵਿੱਚ ਹੈ ਹੀ ਨਹੀਂ। ਉਤਸਾਹ ਵਾਲਾ ਕਦੇ ਵੀ ਕਿਸੇ ਵੀ ਗੱਲ ਵਿੱਚ ਨਿਰਾਸ਼, ਦਿਲਸ਼ਿਕਸ਼ਤ ਨਹੀਂ ਹੁੰਦਾ। ਅੱਛਾ।

ਚਾਰੋਂ ਪਾਸੇ ਦੇ ਪਰਮਾਤਮ ਪਿਆਰ ਦੇ ਸੁੱਖਮਯ, ਆਨੰਦਮਯ ਝੂਲੇ ਵਿੱਚ ਝੂਲਣ ਵਾਲੀ ਲੱਕੀ ਅਤੇ ਲਵਲੀ ਆਤਮਾਵਾਂ ਨੂੰ, ਸਦਾ ਦ੍ਰਿੜ ਸੰਕਲਪ ਦਵਾਰਾ ਸਮਾਧਾਨ ਸਵਰੂਪ ਸ੍ਰੇਸ਼ਠ ਆਤਮਾਵਾਂ ਨੂੰ, ਸਦਾ ਪਰਮਾਤਮ ਅਵਾਰਡ ਲੈਣ ਦੇ ਪਾਤਰ ਹੀਰੋ ਪਾਰਟਧਾਰੀ ਆਤਮਾਵਾਂ ਨੂੰ, ਸਦਾ ਬਾਪਦਾਦਾ ਦੀ ਪਾਲਣਾ ਦਾ ਰੀਟਰਨ ਦੇਣ ਵਾਲੇ ਬਾਪ ਦੇ ਦਿਲਤਖ਼ਤ ਨਸ਼ੀਨ ਆਤਮਾਵਾਂ ਨੂੰ ਬਾਪਦਾਦਾ ਦਾ ਪਦਮਗੁਣਾਂ, ਅਰਬ - ਖਰਬ ਤੋਂ ਵੀ ਜਿਆਦਾ ਯਾਦਪਿਆਰ ਅਤੇ ਨਮਸਤੇ।

ਵਰਦਾਨ:- ਪਿਓਰਟੀ ਦੀ ਰਿਆਲਟੀ ਦਵਾਰਾ ਸ੍ਰੇਸ਼ਠ ਜੀਵਨ ਦੀ ਝਲਕ ਵਿਖਾਉਣ ਵਾਲੇ ਵਿਸ਼ੇਸ਼ਤਾ ਸੰਪੰਨ ਭਵ।

ਬ੍ਰਾਹਮਣ ਜੀਵਨ ਦੀ ਵਿਸ਼ੇਸ਼ਤਾ ਹੈ ਪਿਓਰਟੀ ਦੀ ਰਿਆਲਟੀ। ਜਿਵੇਂ ਰਾਇਲ ਫੈਮਲੀ ਵਾਲਿਆਂ ਦੇ ਚਿਹਰੇ ਅਤੇ ਚਲਣ ਤੋਂ ਪਤਾ ਪੈਂਦਾ ਹੈ ਕਿ ਇਹ ਕੋਈ ਰਾਇਲ ਕੁਲ ਦਾ ਹੈ, ਇਵੇਂ ਬ੍ਰਾਹਮਣ ਜੀਵਨ ਦੀ ਪਰਖ ਪਿਓਰਟੀ ਦੀ ਝਲਕ ਤੋਂ ਹੁੰਦੀ ਹੈ। ਪਿਓਰਟੀ ਦੀ ਝਲਕ ਚਲਣ ਅਤੇ ਚੇਹਰੇ ਤੋਂ ਉਦੋਂ ਵਿਖਾਈ ਦਿੰਦੀ ਹੈ ਜਦੋਂ ਸੰਕਲਪ ਵਿੱਚ ਵੀ ਅਪਵਿੱਤਰਤਾ ਦਾ ਨਾਮ ਨਿਸ਼ਾਨ ਨਾ ਹੋਵੇ। ਪਵਿੱਤ੍ਰਤਾ ਸਿਰਫ ਬ੍ਰਹਮਚਰਿਆ ਨਹੀਂ ਲੇਕਿਨ ਕਿਸੇ ਵੀ ਵਿਕਾਰ ਮਤਲਬ ਅਸ਼ੁੱਧੀ ਦਾ ਪ੍ਰਭਾਵ ਨਾ ਹੋਵੇ ਤਾਂ ਕਹਾਂਗੇ ਵਿਸ਼ੇਸ਼ਤਾ ਸੰਪੰਨ ਬ੍ਰਾਹਮਣ ਆਤਮਾ।

ਸਲੋਗਨ:- ਜੋ ਖੁਦ ਦਾ ਦਰਸ਼ਨ ਕਰਦੇ ਹਨ ਉਹ ਹੀ ਸਦਾ ਪ੍ਰਸੰਨ ਚਿੱਤ, ਸਰਵਪ੍ਰਾਪਤੀ ਦੇ ਅਧਿਕਾਰੀ ਰਹਿੰਦੇ ਹਨ।

******

ਅਵਿਅਕਤ ਸਾਇਲੈਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ। ਜਿਵੇਂ ਸਾਕਾਰ ਰੂਪ ਵਿਚ ਇੱਕ ਡਰੈੱਸ ਚੇਂਜ ਕਰ ਦੂਸਰੀ ਡਰੈੱਸ ਧਾਰਨ ਕਰਦੇ ਹੋ, ਇਵੇਂ ਸਾਕਾਰ ਸਵਰੂਪ ਦੀ ਸਮ੍ਰਿਤੀ ਨੂੰ ਛੱਡ ਆਕਾਰੀ ਫਰਿਸ਼ਤਾ ਸਵਰੂਪ ਬਣ ਜਾਵੋ। ਫਰਿਸ਼ਤਾਪਣੇ ਦੀ ਡਰੈੱਸ ਸੈਕਿੰਡ ਵਿੱਚ ਧਾਰਨ ਕਰ ਲਵੋ। ਇਹ ਅਭਿਆਸ ਬਹੁਤ ਸਮੇਂ ਦਾ ਚਾਹੀਦਾ ਹੈ ਤਾਂ ਅੰਤ ਸਮੇਂ ਤੇ ਪਾਸ ਹੋ ਸਕੋਗੇ।